ਬਿਲਾਵਲੁ ਮਹਲਾ ੫ ॥ ਜਲੁ ਢੋਵਉ ਇਹ ਸੀਸ ਕਰਿ ਕਰ ਪਗ ਪਖਲਾਵਉ ॥ ਬਾਰਿ ਜਾਉ ਲਖ ਬੇਰੀਆ ਦਰਸੁ ਪੇਖਿ ਜੀਵਾਵਉ ॥੧॥ ਕਰਉ ਮਨੋਰਥ ਮਨੈ ਮਾਹਿ ਅਪਨੇ ਪ੍ਰਭ ਤੇ ਪਾਵਉ ॥ ਦੇਉ ਸੂਹਨੀ ਸਾਧ ਕੈ ਬੀਜਨੁ ਢੋਲਾਵਉ ॥੧॥ ਰਹਾਉ ॥ ਅੰਮ੍ਰਿਤ ਗੁਣ ਸੰਤ ਬੋਲਤੇ ਸੁਣਿ ਮਨਹਿ ਪੀਲਾਵਉ ॥ ਉਆ ਰਸ ਮਹਿ ਸਾਂਤਿ ਤ੍ਰਿਪਤਿ ਹੋਇ ਬਿਖੈ ਜਲਨਿ ਬੁਝਾਵਉ ॥ ੨॥ ਜਬ ਭਗਤਿ ਕਰਹਿ ਸੰਤ ਮੰਡਲੀ ਤਿਨ੍ਹ ਮਿਲਿ ਹਰਿ ਗਾਵਉ ॥ ਕਰਉ ਨਮਸਕਾਰ ਭਗਤ ਜਨ ਧੂਰਿ ਮੁਖਿ ਲਾਵਉ ॥੩॥ ਊਠਤ ਬੈਠਤ ਜਪਉ ਨਾਮੁ ਇਹੁ ਕਰਮੁ ਕਮਾਵਉ ॥ ਨਾਨਕ ਕੀ ਪ੍ਰਭ ਬੇਨਤੀ ਹਰਿ ਸਰਨਿ ਸਮਾਵਉ ॥੪॥੨੧॥੫੧॥ {ਪੰਨਾ 813}

ਪਦਅਰਥ:- ਢੋਵਉ—ਢੋਵਉਂ, ਮੈਂ ਢੋਵਾਂ। ਇਹ ਸੀਸ ਕਰਿ—ਇਸ ਸਿਰ ਨਾਲ। ਕਰ—ਹੱਥਾਂ ਨਾਲ {ਕਰਣ ਕਾਰਕ, ਬਹੁ-ਵਚਨ}। ਪਗ—{ਬਹੁ-ਵਚਨ} ਦੋਵੇਂ ਪੈਰ। ਪਖਲਾਵਉ—ਪਖਲਾਵਉਂ, ਮੈਂ ਧੋਵਾਂ। ਬਾਰਿ ਜਾਉ—ਬਾਰਿ ਜਾਉਂ, ਮੈਂ ਕੁਰਬਾਨ ਜਾਵਾਂ। ਬੇਰੀਆ—ਵਾਰੀ। ਪੇਖਿ—ਵੇਖ ਕੇ। ਜੀਵਾਵਉ—ਜੀਵਾਵਉਂ (ਆਪਣੇ ਅੰਦਰ) ਮੈਂ ਆਤਮਕ ਜੀਵਨ ਪੈਦਾ ਕਰਾਂ।1।

ਕਰਉ—ਕਰਉਂ, ਮੈਂ ਕਰਾਂ। ਮਨੋਰਥ—ਲੋੜ, ਮੰਗ। ਤੇ—ਤੋਂ। ਪਾਵਉ—ਪਾਵਉਂ। ਦੇਉ—ਦੇਉਂ, ਮੈਂ ਦਿਆਂ। ਸੂਹਨੀ—ਝਾੜੂ। ਸਾਧ ਕੈ—ਗੁਰੂ ਦੇ ਘਰ ਵਿਚ। ਬੀਜਨੁ—ਪੱਖਾ। ਢੋਲਾਵਉ—ਢੋਲਾਵਉਂ, ਮੈਂ ਝੱਲਾਂ।1। ਰਹਾਉ।

ਅੰਮ੍ਰਿਤ ਗੁਣ—ਆਤਮਕ ਜੀਵਨ ਦੇਣ ਵਾਲੇ ਹਰਿ-ਗੁਣ। ਸੁਣਿ—ਸੁਣ ਕੇ। ਮਨਹਿ—ਮਨ ਨੂੰ। ਪੀਵਾਵਉ—ਪੀਲਾਵਉਂ। ਸਾਤਿ—ਸ਼ਾਂਤੀ, ਸ਼ਾਂਤਿ। ਤ੍ਰਿਪਤਿ—ਰਜੇਵਾਂ। ਬਿਖੈ ਜਲਨਿ—ਵਿਸ਼ਿਆਂ ਦੀ ਸੜਨ। ਬੁਝਾਵਉ—ਬੁਝਾਵਉਂ।2।

ਕਰਹਿ—ਕਰਦੇ ਹਨ। ਸੰਤ ਮੰਡਲੀ—ਸਤਸੰਗੀ। ਮਿਲਿ—ਮਿਲ ਕੇ। ਗਾਵਉ—ਗਾਵਉਂ। ਮੁਖਿ—ਮੂੰਹ ਉਤੇ, ਮੱਥੇ ਉਤੇ। ਲਾਵਉ—ਲਾਵਉਂ, ਮੈਂ ਲਾਵਾਂ।3।

ਜਪਉ—ਜਪਉਂ, ਮੈਂ ਜਪਾਂ। ਕਰਮੁ—ਕੰਮ। ਕਮਾਵਉ—ਕਮਾਵਉਂ, ਮੈਂ ਕਰਾਂ। ਪ੍ਰਭ—ਹੇ ਪ੍ਰਭੂ! ਸਮਾਵਉ—ਸਮਾਵਉਂ, ਮੈਂ ਲੀਨ ਰਹਾਂ।4।

ਅਰਥ:- (ਹੇ ਭਾਈ! ਮੇਰੀ ਸਦਾ ਇਹੀ ਅਰਜ਼ੋਈ ਹੈ ਕਿ) ਮੈਂ ਜੇਹੜੀ ਭੀ ਮੰਗ ਆਪਣੇ ਮਨ ਵਿਚ ਕਰਾਂ, ਉਹ ਮੰਗ ਮੈਂ ਆਪਣੇ ਪਰਮਾਤਮਾ ਤੋਂ ਪ੍ਰਾਪਤ ਕਰ ਲਵਾਂ, ਮੈਂ ਗੁਰੂ ਦੇ ਘਰ ਵਿਚ (ਸਾਧ ਸੰਗਤਿ ਵਿਚ) ਝਾੜੂ ਦਿਆ ਕਰਾਂ ਅਤੇ ਪੱਖਾਂ ਝੱਲਿਆ ਕਰਾਂ।1। ਰਹਾਉ।

(ਹੇ ਭਾਈ! ਮੇਰੀ ਇਹ ਤਾਂਘ ਹੈ ਕਿ ਗੁਰੂ ਦੇ ਘਰ ਵਿਚ) ਮੈਂ ਆਪਣੇ ਸਿਰ ਨਾਲ ਪਾਣੀ ਢੋਇਆ ਕਰਾਂ, ਅਤੇ ਆਪਣੇ ਹੱਥਾਂ ਨਾਲ (ਸੰਤ ਜਨਾਂ ਦੇ) ਪੈਰ ਧੋਇਆ ਕਰਾਂ, ਮੈਂ ਲੱਖਾਂ ਵਾਰੀ (ਗੁਰੂ ਤੋਂ) ਸਦਕੇ ਜਾਵਾਂ ਅਤੇ (ਗੁਰੂ ਦੀ ਸੰਗਤਿ ਦਾ) ਦਰਸਨ ਕਰ ਕੇ (ਆਪਣੇ ਅੰਦਰ) ਆਤਮਕ ਜੀਵਨ ਪੈਦਾ ਕਰਦਾ ਰਹਾਂ।1।

(ਹੇ ਭਾਈ! ਮੇਰੀ ਇਹ ਅਰਦਾਸਿ ਹੈ ਕਿ ਸਾਧ ਸੰਗਤਿ ਵਿਚ) ਸੰਤ ਜਨ ਪਰਮਾਤਮਾ ਦੇ ਆਤਮਕ ਜੀਵਨ ਦੇਣ ਵਾਲੇ ਜੋ ਗੁਣ ਉਚਾਰਦੇ ਹਨ, ਉਹਨਾਂ ਨੂੰ ਸੁਣ ਕੇ ਮੈਂ ਆਪਣੇ ਮਨ ਨੂੰ (ਨਾਮ-ਅੰਮ੍ਰਿਤ) ਪਿਲਾਇਆ ਕਰਾਂ, (ਨਾਮ-ਅੰਮ੍ਰਿਤ ਦੇ) ਉਸ ਸੁਆਦ ਵਿਚ (ਮੇਰੇ ਅੰਦਰ) ਸ਼ਾਂਤੀ ਅਤੇ (ਤ੍ਰਿਸ਼ਨਾ ਤੋਂ) ਰਜੇਵਾਂ ਪੈਦਾ ਹੋਵੇ, (ਨਾਮ-ਅੰਮ੍ਰਿਤ ਦੀ ਸਹਾਇਤਾ ਨਾਲ) ਮੈਂ (ਆਪਣੇ ਅੰਦਰੋਂ) ਵਿਸ਼ਿਆਂ ਦੀ ਸੜਨ ਬੁਝਾਂਦਾ ਰਹਾਂ।2।

(ਹੇ ਭਾਈ! ਮੇਰੀ ਇਹੀ ਅਰਦਾਸਿ ਹੈ ਕਿ) ਜਦੋਂ ਸੰਤ ਜਨ ਸਾਧ ਸੰਗਤਿ ਵਿਚ ਬੈਠ ਕੇ ਪਰਮਾਤਮਾ ਦੀ ਭਗਤੀ ਕਰਦੇ ਹਨ, ਉਹਨਾਂ ਨਾਲ ਮਿਲ ਕੇ ਮੈਂ ਭੀ ਪਰਮਾਤਮਾ ਦੇ ਗੁਣ ਗਾਇਆ ਕਰਾਂ, ਮੈਂ ਸੰਤ ਜਨਾਂ ਅੱਗੇ ਸਿਰ

ਨਿਵਾਇਆ ਕਰਾਂ, ਅਤੇ ਉਹਨਾਂ ਦੇ ਚਰਨਾਂ ਦੀ ਧੂੜ (ਆਪਣੇ) ਮੱਥੇ ਉੱਤੇ ਲਾਇਆ ਕਰਾਂ।3।

ਹੇ ਪ੍ਰਭੂ! (ਤੇਰੇ ਦਰ ਤੇ) ਨਾਨਕ ਦੀ ਇਹੀ ਬੇਨਤੀ ਹੈ ਕਿ ਉਠਦਿਆਂ ਬੈਠਦਿਆਂ (ਹਰ ਵੇਲੇ) ਮੈਂ (ਤੇਰਾ) ਨਾਮ ਜਪਿਆ ਕਰਾਂ, ਮੈਂ ਇਸ ਕੰਮ ਨੂੰ (ਹੀ ਸ੍ਰੇਸ਼ਟ ਜਾਣ ਕੇ ਨਿੱਤ) ਕਰਿਆ ਕਰਾਂ, ਅਤੇ, ਹੇ ਹਰੀ! ਮੈਂ ਤੇਰੇ ਹੀ ਚਰਨਾਂ ਵਿਚ ਲੀਨ ਰਹਾਂ।4। 21। 51।